Imperial College London INSTITUTE OF GLOBAL HEALTH INNOVATION

Google Health

NHS St George's University Hospitals NHS Foundation Trust

NHS Royal Surrey NHS Foundation Trust

NHS Imperial College Healthcare NHS Trust

# ਮੈਮੋਗ੍ਰਾਫ਼ੀ ਦੇ ਅਧਿਐਨ ਵਿੱਚ ਬਣਾਉਟੀ ਮਸ਼ੀਨੀ ਬੁੱਧੀ ਦੀ ਵਰਤੋਂ (AIMS)

## ਭਾਗ ਲੈਣ ਵਾਲੇ ਭਾਗੀਦਾਰਾਂ ਲਈ ਜਾਣਕਾਰੀ ਵਾਲਾ ਲੀਫ਼ਲੈੱਟ

ਇਹ NHS ਸਕ੍ਰੀਨਿੰਗ ਕੇਂਦਰ ਇੱਕ ਅਜਿਹੇ ਖੋਜ ਅਧਿਐਨ ਵਿੱਚ ਹਿੱਸਾ ਲੈ ਰਿਹਾ ਹੈ ਜਿਸਦਾ ਉਦੇਸ਼ ਕੈਂਸਰ ਰੋਗ ਦੇ ਮਾਹਰਾਂ ਦੀ ਸਹਾਇਤਾ ਕਰਨ ਵਾਲੀ ਨਵੀਂ ਤਕਨਾਲੋਜੀ ਨੂੰ ਪਰਖਣਾ ਹੈ ਅਤੇ ਇਸ ਵਿੱਚ NHS ਦੀ ਛਾਤੀ ਦੇ ਕੈਂਸਰ ਦੀ ਸਕ੍ਰੀਨਿੰਗ ਨੂੰ ਬਿਹਤਰ ਬਣਾਉਣ ਦੀ ਸੰਭਾਵਨਾ ਹੈ। ਸਾਡਾ ਟੀਚਾ ਤੁਹਾਨੂੰ ਅਤੇ ਹੋਰ ਮਹਿਲਾਵਾਂ ਨੂੰ ਭਵਿੱਖ ਵਿੱਚ ਕੈਂਸਰ ਸਕ੍ਰੀਨਿੰਗ ਸੰਬੰਧੀ ਹੋਰ ਵੀ ਬਿਹਤਰ ਸੇਵਾ ਮੁਹੱਈਆ ਕਰਵਾਉਣਾ ਹੈ।

**ਇਸ ਖੋਜ ਦਾ ਟੀਚਾ ਬਣਾਉਟੀ ਮਸ਼ੀਨੀ ਬੁੱਧੀ (AI) ਨਾਮਕ ਤਕਨਾਲੋਜੀ ਦੀ ਵਰਤੋਂ ਕਰਨ ਵਾਲੇ ਨਵੇਂ ਕੰਪਿਊਟਰ ਸਿਸਟਮ ਦੀ ਸਮਰੱਥਾ ਦੀ ਜਾਂਚ ਕਰਨਾ ਹੈ ਤਾਂ ਜੋ ਤੁਹਾਡੀ ਸਕ੍ਰੀਨਿੰਗ ਹੋਣ ਦੌਰਾਨ ਖਿੱਚੇ ਛਾਤੀ ਦੇ ਚਿੱਤਰਾਂ (ਮੈਮੋਗ੍ਰਾਮਾਂ) ਵਿੱਚ ਕੈਂਸਰ ਦੇ ਸੰਭਾਵੀ ਲੱਛਣਾਂ ਦਾ ਪਤਾ ਲਗਾਉਣ ਵਿੱਚ ਮਦਦ ਮਿਲ ਸਕੇ।** ਅਸੀਂ ਪਹਿਲਾਂ ਹੀ ਬਹੁਤ ਖੋਜ ਕਰ ਲਈ ਹੈ ਜਿੱਥੇ ਅਸੀਂ ਇਹ ਦਿਖਾਇਆ ਹੈ ਕਿ ਇਹ ਤਕਨਾਲੋਜੀ ਇਨ੍ਹਾਂ ਸਕੈਨਾਂ ਨਾਲ ਕੈਂਸਰ ਦੀ ਪਛਾਣ ਕਰਨ ਵਿੱਚ ਇੱਕ ਮਾਹਰ ਵਿਕਿਰਣ ਵਿਗਿਆਨੀ ਜਿੰਨਾ ਵਧੀਆ ਕੰਮ ਕਰਦੀ ਹੈ। ਸਾਨੂੰ ਵਿਸ਼ਵਾਸ ਹੈ ਇਸ ਤਕਨਾਲੋਜੀ ਨਾਲ ਯੂ.ਕੇ. ਵਿੱਚ ਛਾਤੀ ਦੀ ਸਕ੍ਰੀਨਿੰਗ ਦੀ ਸਟੀਕਤਾ, ਸੁਰੱਖਿਆ, ਲਾਗਤ ਪ੍ਰਭਾਵਕਤਾ ਦੇ ਨਾਲ-ਨਾਲ ਮਰੀਜ਼ਾਂ ਦੇ ਅਨੁਭਵ ਨੂੰ ਬਿਹਤਰ ਬਣਾਇਆ ਜਾ ਸਕਦਾ ਹੈ। ਇਹ ਤਕਨਾਲੋਜੀ NHS ਦੀਆਂ ਸਕ੍ਰੀਨਿੰਗ ਸੇਵਾਵਾਂ ਅਤੇ ਡਾਕਟਰਾਂ ਦਾ ਸਿੱਧੇ ਤੌਰ 'ਤੇ ਸਮਰਥਨ ਕਰਨ ਦੀ ਭੂਮਿਕਾ ਵੀ ਨਿਭਾ ਸਕਦੀ ਹੈ। ਸਾਨੂੰ ਹੁਣ ਇਹ ਸਮਝਣ ਦੀ ਲੋੜ ਹੈ ਕਿ ਅਸਲ ਸੰਸਾਰ ਦੀ NHS ਸੈਟਿੰਗ ਵਿੱਚ ਇਹ ਕਿਵੇਂ ਕੰਮ ਕਰਦੀ ਹੈ।

**ਤੁਹਾਡੇ ਲਈ ਇਹ ਜਾਣਨਾ ਬਹੁਤ ਮਹੱਤਵਪੂਰਨ ਹੈ ਕਿ ਇਸ ਅਧਿਐਨ ਨਾਲ ਤੁਹਾਡੀ ਸਾਂਭ-ਸੰਭਾਲ 'ਤੇ ਕੋਈ ਪ੍ਰਭਾਵ <u>ਨਹੀਂ</u> ਪਵੇਗਾ ਅਤੇ ਸਕ੍ਰੀਨਿੰਗ ਸੇਵਾ ਆਮ ਵਾਂਗ ਚੱਲਦੀ ਰਹੇਗੀ।** ਹਾਲਾਂਕਿ, ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਚਿੱਤਰ ਅਧਿਐਨ ਵਿੱਚ ਸ਼ਾਮਲ ਨਾ ਕੀਤੇ ਜਾਣ, ਤਾਂ ਤੁਸੀਂ ਇਸ ਖੋਜ ਦਾ ਹਿੱਸਾ ਬਣਨ ਤੋਂ **ਹਟਣ ਦੀ ਚੋਣ** ਕਰ ਸਕਦੇ ਹੋ (ਅਗਲੇ ਪੰਨੇ 'ਤੇ ਵੇਰਵੇ ਦੇਖੋ)।

ਤੁਹਾਡੇ ਸਮੇਤ ਸਾਰੇ ਸਕੈਨਾਂ ਦੀ ਤੁਹਾਡੇ ਸਕ੍ਰੀਨਿੰਗ ਕੇਂਦਰ ਵਿਖੇ ਕੈਂਸਰ ਮਾਹਰਾਂ ਵੱਲੋਂ ਆਮ ਵਾਂਗ ਜਾਂਚ ਕੀਤੀ ਜਾਵੇਗੀ ਅਤੇ ਇਹ ਉਹ ਨਤੀਜੇ ਹਨ ਜਿਨ੍ਹਾਂ ਨੂੰ ਤੁਸੀਂ ਆਪਣੀ ਫੇਰੀ ਤੋਂ ਬਾਅਦ ਡਾਕ ਰਾਹੀਂ ਪ੍ਰਾਪਤ ਕਰੋਗੇ। ਇਸੇ ਦੌਰਾਨ, ਬੈਕਗ੍ਰਾਉਂਡ ਵਿੱਚ, ਤੁਹਾਡੇ ਸਕੈਨਾਂ ਨੂੰ ਕੰਪਿਊਟਰ ਸਿਸਟਮ ਵੱਲੋਂ ਵੀ ਦੇਖਿਆ ਜਾਵੇਗਾ, ਹਾਲਾਂਕਿ ਨਤੀਜਿਆਂ ਨੂੰ ਤੁਹਾਡੀ ਸਾਂਭ-ਸੰਭਾਲ ਵਿੱਚ ਸ਼ਾਮਲ ਸਕ੍ਰੀਨਿੰਗ ਕੇਂਦਰ ਸਟਾਫ਼ ਤੋਂ ਲੁਕਾ ਕੇ ਰੱਖਿਆ ਜਾਵੇਗਾ।

ਖੋਜ ਟੀਮ ਤੁਹਾਡੇ ਨਾਮ ਜਾਂ ਅਜਿਹੇ ਕਿਸੇ ਵੀ ਤਰ੍ਹਾਂ ਦੇ ਡਾਟੇ ਨੂੰ ਨਹੀਂ ਦੇਖ ਸਕੇਗੀ ਜੋ ਤੁਹਾਡੀ ਪਛਾਣ ਕਰ ਸਕੇ ਅਤੇ ਸਾਰਾ ਅਧਿਐਨ ਡਾਟਾ ਗੁਪਤ ਰੱਖਿਆ ਜਾਵੇਗਾ ਅਤੇ ਇਸਨੂੰ ਸੁਰੱਖਿਅਤ ਢੰਗ ਨਾਲ ਸਟੋਰ ਕੀਤਾ ਜਾਵੇਗਾ।




**ਇਸ ਖੋਜ ਨੂੰ ਇਸ ਅਧਿਐਨ ਦੀ ਮਿਆਦ ਦੌਰਾਨ ਇਸ ਸਕ੍ਰੀਨਿੰਗ ਕੇਂਦਰ ਵਿੱਚ ਆਉਣ ਵਾਲੀਆਂ ਸਾਰੀਆਂ ਮਹਿਲਾਵਾਂ ਦੇ ਗੁਮਨਾਮ ਸਕੈਨਾਂ ਨੂੰ ਸ਼ਾਮਲ ਕਰਨ ਲਈ NHS ਦੀਆਂ ਨੈਤਿਕ ਮਨਜ਼ੂਰੀਆਂ ਪ੍ਰਾਪਤ ਹੋਈਆਂ ਹਨ।** ਇਸਦਾ ਮਤਲਬ ਇਹ ਹੈ ਕਿ ਤੁਹਾਡੇ ਸਕੈਨ ਅਧਿਐਨ ਦਾ ਹਿੱਸਾ ਹੋਣਗੇ ਅਤੇ ਇਨ੍ਹਾਂ ਨੂੰ ਉਸ ਤਕਨਾਲੋਜੀ ਰਾਹੀਂ ਜਾਂਚਿਆ ਜਾਂ ਦੇਖਿਆ ਜਾਵੇਗਾ ਜਿਸ ਬਾਰੇ ਪਹਿਲਾਂ ਵਰਣਨ ਕੀਤਾ ਗਿਆ

ਹੈ। ਅਸੀਂ ਇਸ ਅਧਿਐਨ ਵਿੱਚ ਤੁਹਾਡੀ ਭਾਗੀਦਾਰੀ ਲਈ ਤੁਹਾਡੇ ਬਹੁਤ ਧੰਨਵਾਦੀ ਹਾਂ ਕਿਉਂਕਿ ਇਸਦਾ ਮਤਲਬ ਇਹ ਹੈ ਕਿ ਅਸੀਂ ਇਸ ਤਕਨਾਲੋਜੀ ਦਾ ਬਰੀਕੀ ਨਾਲ ਅਧਿਐਨ ਕਰਨ ਲਈ ਮਹਿਲਾਵਾਂ ਨੂੰ ਵੱਡੀ ਗਿਣਤੀ ਵਿੱਚ ਸ਼ਾਮਲ ਕਰ ਸਕਦੇ ਹਾਂ। **ਹਾਲਾਂਕਿ, ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਚਿੱਤਰ ਅਧਿਐਨ ਵਿੱਚ ਸ਼ਾਮਲ ਨਾ ਕੀਤੇ ਜਾਣ, ਤਾਂ ਤੁਹਾਡੇ ਸ਼ਾਮਲ ਹੋਣ ਤੋਂ ਪਹਿਲਾਂ ਜਾਂ ਤੁਹਾਡੀ ਸਕ੍ਰੀਨਿੰਗ ਫੇਰੀ ਦੇ 3 ਮਹੀਨਿਆਂ ਦੇ ਅੰਦਰ ਇਸ ਖੋਜ ਦਾ ਹਿੱਸਾ ਬਣਨ ਤੋਂ ਹਟਣ ਦੀ ਚੋਣ ਕਰਨਾ ਬਹੁਤ ਆਸਾਨ ਹੈ ਅਤੇ ਤੁਹਾਡੀ ਸਾਂਭ-ਸੰਭਾਲ 'ਤੇ ਕਿਸੇ ਵੀ ਤਰ੍ਹਾਂ ਦਾ ਕੋਈ ਪ੍ਰਭਾਵ ਨਹੀਂ ਪਵੇਗਾ।** ਹਟਣ ਦੀ ਚੋਣ ਕਰਨ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ **www.imperial.ac.uk/aiscreening** 'ਤੇ ਜਾਓ, ਜਾਂ ਸਾਨੂੰ **0203 313 0147** 'ਤੇ ਕਾਲ ਕਰੋ। ਜੇ ਤੁਸੀਂ ਆਪਣੀ ਸਕ੍ਰੀਨਿੰਗ ਫੇਰੀ ਤੋਂ ਬਾਅਦ ਹਟਣ ਦੀ ਚੋਣ ਕਰਦੇ ਹੋ, ਤਾਂ ਹੋ ਸਕਦਾ ਹੈ ਕਿ ਅਧਿਐਨ ਲਈ ਤੁਹਾਡੇ ਡਾਟੇ 'ਤੇ ਪਹਿਲਾਂ ਹੀ ਪ੍ਰਕਿਰਿਆ ਕੀਤੀ ਜਾ ਚੁੱਕੀ ਹੋਵੇ। ਅਸੀਂ ਇਹ ਪੱਕਾ ਕਰਾਂਗੇ ਕਿ ਤੁਹਾਡੇ ਡਾਟੇ ਨੂੰ ਅਧਿਐਨ ਤੋਂ ਹਟਾ ਦਿੱਤਾ ਗਿਆ ਹੈ ਅਤੇ ਅਸੀਂ ਤੁਹਾਨੂੰ ਇਸ ਬਾਰੇ ਤਸਦੀਕ ਕਰਾਂਗੇ ਕਿ ਅਜਿਹਾ ਹੋ ਗਿਆ ਹੈ।

ਇਸ ਖੋਜ 'ਤੇ ਇੰਪੀਰੀਅਲ ਕਾਲਜ ਲੰਡਨ, ਸੇਂਟ ਜਿਓਰਜ ਯੂਨੀਵਰਸਿਟੀ ਹਸਪਤਾਲ NHS ਫਾਊਂਡੇਸ਼ਨ ਟਰੱਸਟ, ਇੰਪੀਰੀਅਲ ਕਾਲਜ ਹੈਲਥਕੇਅਰ NHS ਟਰੱਸਟ ਅਤੇ ਰੋਇਲ ਸਰੀ NHS ਫਾਊਂਡੇਸ਼ਨ ਟਰੱਸਟ ਮਿਲ ਕੇ ਕੰਮ ਕਰ ਰਹੇ ਹਨ ਅਤੇ ਇਸ ਦਾ ਤਕਨਾਲੋਜੀ ਪਾਰਟਨਰ Google Health ਹੈ। Google Health ਦਾ ਖੋਜ ਗਰੁੱਪ ਛਾਤੀ ਦੇ ਕੈਂਸਰ ਦੀ ਸਕ੍ਰੀਨਿੰਗ ਅਤੇ ਤਸ਼ਖੀਸ ਵਿੱਚ ਮਦਦ ਲਈ ਬਣਾਉਟੀ ਮਸ਼ੀਨੀ ਬੁੱਧੀ ਦੀ ਵਰਤੋਂ ਦੀ ਪੜਚੋਲ ਕਰ ਰਿਹਾ ਹੈ। ਯੂ.ਕੇ. ਦੇ ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਰਿਸਰਚ (NIHR) ਨੇ ਇਹ ਸਮਝਣ ਲਈ ਇਸ ਖੋਜ ਪ੍ਰੋਜੈਕਟ ਨੂੰ ਫੰਡ ਕੀਤਾ ਹੈ ਕਿ ਕੀ ਇਹ ਤਕਨਾਲੋਜੀ ਯੂ.ਕੇ. ਵਿੱਚ ਛਾਤੀ ਦੀ ਸਕ੍ਰੀਨਿੰਗ ਪ੍ਰੋਗਰਾਮ ਵਿੱਚ ਮਦਦ ਕਰ ਸਕਦੀ ਹੈ ਜਾਂ ਨਹੀਂ।

ਇਸ ਅਧਿਐਨ ਦੀ ਸਮੀਖਿਆ ਕੌਨਫ਼ੀਡੈਂਸ਼ੀਅਲਟੀ ਐਡਵਾਈਜ਼ਰੀ ਗਰੁੱਪ (CAG) ਵੱਲੋਂ ਕੀਤੀ ਗਈ ਸੀ। CAG ਆਮ ਲੋਕਾਂ ਅਤੇ ਮਾਹਰਾਂ ਦਾ ਅਜਿਹਾ ਸੁਤੰਤਰ ਗਰੁੱਪ ਹੈ ਜੋ ਕਿ ਬਿਨਾਂ ਸਹਿਮਤੀ ਵਾਲੀ ਮਰੀਜ਼ਾਂ ਦੀ ਗੁਪਤ ਜਾਣਕਾਰੀ ਦੀ ਵਰਤੋਂ 'ਤੇ ਮਾਹਰ ਸਲਾਹ ਮੁਹੱਈਆ ਕਰਵਾਉਂਦਾ ਹੈ। CAG ਨੇ ਇਸ ਅਧਿਐਨ ਦਾ ਸਮਰਥਨ ਕਰਨ ਦਾ ਸੁਝਾਅ ਦਿੱਤਾ, ਅਤੇ ਹੈਲਥ ਰਿਸਰਚ ਅਥਾਰਟੀ ਦੇ ਫ਼ੈਸਲਾ ਲੈਣ ਵਾਲੇ ਅਧਿਕਾਰੀਆਂ ਨੇ ਇਸਨੂੰ ਮਨਜ਼ੂਰੀ ਦਿੱਤੀ ਹੈ।

**ਅਸੀਂ ਇੱਕ ਛੋਟਾ ਵੀਡੀਓ ਬਣਾਇਆ ਹੈ ਜੋ ਅਧਿਐਨ ਦੇ ਚੱਲਣ ਦੇ ਤਰੀਕੇ ਬਾਰੇ ਅਤੇ ਭਵਿੱਖ ਵਿੱਚ ਤਕਨਾਲੋਜੀ ਦੀ ਭੂਮਿਕਾ ਬਾਰੇ ਵਿਆਖਿਆ ਕਰੇਗਾ। ਤੁਸੀਂ ਸਾਡੀ ਵੈੱਬਸਾਈਟ 'ਤੇ ਇਸ ਵੀਡੀਓ ਨੂੰ ਦੇਖ ਸਕਦੇ ਹੋ।**

ਅਧਿਐਨ ਅਤੇ ਡਾਟੇ ਨੂੰ ਵਰਤੇ ਜਾਣ ਦੇ ਤਰੀਕੇ ਬਾਰੇ ਹੋਰ ਜਾਣਕਾਰੀ ਲਈ, ਸਾਡੀ ਸਕ੍ਰੀਨਿੰਗ ਸਾਈਟ 'ਤੇ ਵੇਰਵੇ ਸਹਿਤ ਜਾਣਕਾਰੀ ਦੇਣ ਵਾਲੇ ਲੀਫ਼ਲੈੱਟ ਦੀ ਇੱਕ ਕਾਪੀ ਉਪਲਬਧ ਹੈ, ਜਾਂ ਕਿਰਪਾ ਕਰਕੇ QR ਕੋਡ ਜਾਂ ਲਿੰਕ ਦੀ ਵਰਤੋਂ ਕਰਕੇ ਸਾਡੀ ਵੈੱਬਸਾਈਟ 'ਤੇ ਜਾਓ: www.imperial.ac.uk/aiscreening

## ਅਧਿਐਨ ਬਾਰੇ ਪ੍ਰਮੁੱਖ ਜਾਣਕਾਰੀ

**ਅਧਿਐਨ ਦਾ ਪ੍ਰਾਯੋਜਕ:** ਇੰਪੀਰੀਅਲ ਕਾਲਜ ਲੰਡਨ

**ਅਧਿਐਨ ਲਈ ਫੰਡਿੰਗ:** ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਰਿਸਰਚ

**ਮੁੱਖ ਜਾਂਚਕਰਤਾ:** ਪ੍ਰੋਫ਼ੈਸਰ ਅਰਾ ਦਰਜ਼ੀ, ਇੰਸਟੀਚਿਊਟ ਆਫ਼ ਗਲੋਬਲ ਹੈਲਥ ਇਨੋਵੇਸ਼ਨ, ਇੰਪੀਰੀਅਲ ਕਾਲਜ ਲੰਡਨ, 10ਵੀਂ ਮੰਜ਼ਿਲ, ਕਵੀਨ ਐਲਿਜ਼ਾਬੈਥ ਦ ਕਵੀਨ ਮਦਰ ਵਿੰਗ, ਸੇਂਟ ਮੇਰੀਜ਼, ਲੰਡਨ, W2 1NY

**ਈਮੇਲ:** aimstrial@imperial.ac.uk